**Group-D Paper of Advt. No. 8 of 2025**

**Part-A**

**Punjabi (Qualifying)**

1. ਦੇਸੀ ਮਹੀਨੇ ‘ਕੱਤਕ’ ਤੋਂ ਪਹਿਲਾਂ ਕਿਹੜਾ ਮਹੀਨਾ ਆਉਂਦਾ ਹੈ?

(A) ਪੋਹ (B) ਫੱਗਣ (C) ਮੱਘਰ (D) ਅੱਸੂ

2. ਦੇਸੀ ਮਹੀਨਿਆਂ ਦਾ ਪੰਜਵਾਂ ਮਹੀਨਾ ਕਿਹੜਾ ਹੈ?

(A) ਸਾਉਣ (B) ਕੱਤਕ (C) ਪੋਹ (D) ਜੇਠ

3. ਅੰਕ 19 ਲਈ ਪੰਜਾਬੀ ਵਿਚ ਠੀਕ ਸ਼ਬਦ-ਜੋੜ ਹੈ:

(A) ਉਨੀ (B) ਉਨ੍ਹੀ (C) ਉੰਨੀ (D) ਉੱਨੀ

4. ਅੰਕ 50 ਲਈ ਪੰਜਾਬੀ ਵਿੱਚ ਠੀਕ ਸ਼ਬਦ-ਜੋੜ ਹੈ:

(A) ਪੰਜਾਹ (B) ਪਜਾਹ (C) ਪੰਜਾ (D) ਪੰਜਾਅ

5. ਹੇਠ ਲਿਖਿਆਂ ਵਿੱਚੋਂ ਕਿਹੜੀ ਉਪ-ਭਾਸ਼ਾ ਚੜ੍ਹਦੇ ਪੰਜਾਬ ਵਿਚ ਨਹੀਂ ਬੋਲੀ ਜਾਂਦੀ?

(A) ਮਾਝੀ (B) ਦੁਆਬੀ (C) ਪੋਠੋਹਾਰੀ (D) ਪੁਆਧੀ

6. ਬਰਨਾਲਾ ਜਿਲ੍ਹੇ ਵਿੱਚ ਕਿਹੜੀ ਉਪ-ਭਾਸ਼ਾ ਬੋਲੀ ਜਾਂਦੀ ਹੈ?

(A) ਦੁਆਬੀ (B) ਪੁਆਧੀ (C) ਮਲਵਈ (D) ਪੋਠੋਹਾਰੀ

7. ਭਾਸ਼ਾ ਦੇ ਆਧਾਰ 'ਤੇ ਪੰਜਾਬ ਦਾ ਪੁਨਰਗਠਨ ਕਦੋਂ ਹੋਇਆ?

(A) 1961 (B) 1962 (C) 1964 (D) 1966

8. ਹੇਠ ਲਿਖਿਆਂ ਵਿੱਚੋਂ ਕਿਹੜੀ ਬਾਣੀ ਗੁਰੂ ਗੋਬਿੰਦ ਸਿੰਘ ਜੀ ਦੀ ਨਹੀਂ ਹੈ?

(A) ਅਕਾਲ ਉਸਤਤ (B) ਬਾਵਨ ਅੱਖਰੀ (C) ਬਚਿਤ੍ਰ ਨਾਟਕ (D) ਗਿਆਨ ਪ੍ਰਬੋਧ

9. ਗੁਰੂ ਅਰਜਨ ਦੇਵ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਕਿਸ ਪਾਸੋਂ ਰਖਵਾਈ?

(A) ਸਾਈਂ ਮੀਆਂ ਮੀਰ (B) ਗੁਰੂ ਰਾਮਦਾਸ ਜੀ (C) ਸਾਹ ਹੁਸੈਨ (D) ਭਾਈ ਗੁਰਦਾਸ ਜੀ

10. "ਅੱਖ ਸਲਾਈ" ਦੀ ਰਸਮ ਦਾ ਸੰਬੰਧ ਹੈ?

(A) ਮੌਤ ਨਾਲ (B) ਵਿਆਹ ਨਾਲ (C) ਜਨਮ ਨਾਲ (D) ਉਪਰੋਕਤ ਵਿੱਚੋਂ ਕੋਈ ਨਹੀਂ।

11. ਖ਼ੁਸੀ, ਗ਼ਮੀ, ਹੈਰਾਨੀ, ਭੈ, ਪ੍ਰਸੰਸਾ ਆਦਿ ਦੇ ਭਾਵ ਪ੍ਰਗਟ ਕਰਨ ਵਾਲੇ ਸ਼ਬਦਾਂ ਨਾਲ ਹੇਠ ਲਿਖਿਆਂ ਵਿੱਚੋਂ ਕਿਹੜੇ ਵਿਸਰਾਮ-ਚਿੰਨ੍ਹ ਦੀ ਵਰਤੋਂ ਹੁੰਦੀ ਹੈ?

(A) ਛੁੱਟ ਮਰੋੜੀ (B) ਪ੍ਰਸ਼ਨਚਿੰਨ੍ਹ (C) ਵਿਸਮਕ ਚਿੰਨ੍ਹ (D) ਕਾਮਾ

12. ਹੇਠ ਲਿਖਿਆਂ ਵਿੱਚੋਂ ਕਿਹੜਾ ਸ਼ਬਦ-ਜੋੜ ਠੀਕ ਨਹੀਂ ਹੈ?

(A) ਚੂੰਢੀ (B) ਮਦਾਣੀ (C) ਸੂਝ (D) ਢਾਡੀ

13. ਹੇਠ ਲਿਖਿਆਂ ਵਿੱਚੋਂ ਸਹੀ ਸ਼ਬਦ-ਜੋੜ ਚੁਣੋ:

(A) ਦੁਪੇਹਰ (B) ਸਾਂਜ (C) ਕਚਹਿਰੀ (D) ਮਾਗੀ

14. ਗੁਰੂ ਰਾਮਦਾਸ ਜੀ ਦਾ ਜਨਮ ਕਿੱਥੇ ਹੋਇਆ?

(A) ਬਾਸਰਕੇ (B) ਗੋਇੰਦਵਾਲ (C) ਮੱਤੇ ਦੀ ਸਰਾਏ (D) ਚੂਨਾ ਮੰਡੀ

15. ਚੀਨੀ ਯਾਤਰੀ ਹਿਊਨਸਾਂਗ ਨੇ 'ਪੰਜਾਬ' ਲਈ ਹੇਠ ਲਿਖਿਆਂ ਵਿੱਚੋਂ ਕਿਹੜਾ ਸ਼ਬਦ ਵਰਤਿਆ?

(A) ਸੇਕੀਆ (B) ਪੈਂਟਾਪੋਟਾਮੀਆ (C) ਪੰਚਨਦ (D) ਸਪਤ ਸਿੰਧੂ

16. "ਸ੍ਰੀ ਆਦਿ ਗ੍ਰੰਥ ਸਾਹਿਬ" ਦੀ ਸੰਪਾਦਨਾ ਗੁਰੂ ਅਰਜਨ ਦੇਵ ਜੀ ਨੇ ਕਦੋਂ ਕੀਤੀ?

(A) 1603 (B) 1604 (C) 1605 (D) 1606

17. ਹੇਠ ਲਿਖਿਆਂ ਵਿੱਚੋਂ 'ਸੂਮ' ਦਾ ਵਿਰੋਧੀ ਸ਼ਬਦ ਹੈ:

(A) ਸੰਗਮ (B) ਪੁਸ਼ਪ (C) ਸੋਫ਼ੀ (D) ਸਖ਼ੀ

18. ਹੇਠ ਲਿਖਿਆਂ ਵਿੱਚੋਂ 'ਖਾਰਾ' ਸ਼ਬਦ ਦਾ ਵਿਰੋਧੀ ਸ਼ਬਦ ਹੈ:

(A) ਹਲਕਾ (B) ਭਾਰਾ (C) ਮਿੱਠਾ (D) ਨਮਕੀਨ

19. ਹੇਠ ਲਿਖਿਆਂ ਵਿੱਚੋਂ 'ਨੇਤਰ' ਦਾ ਸਮਾਨਾਰਥਕ ਸ਼ਬਦ ਕਿਹੜਾ ਹੈ?

(A) ਲੋਚਨ (B) ਆਦਿ (C) ਕੁਸਮ (D) ਨਿਰਮਲ

20. ਹੇਠ ਲਿਖਿਆਂ ਵਿੱਚੋਂ 'ਖ਼ਾਲਸ' ਦਾ ਸਮਾਨਾਰਥਕ ਸ਼ਬਦ ਕਿਹੜਾ ਹੈ?

(A) ਅਲੌਕਿਕ (B) ਸੁਤੰਤਰ (C) ਖਰਾ (D) ਸਮਰਥਨ

21. ਹੇਠ ਲਿਖਿਆਂ ਵਿੱਚੋਂ 'ਸਾਫ਼' ਦਾ ਸਮਾਨਾਰਥਕ ਸ਼ਬਦ ਕਿਹੜਾ ਹੈ?

(A) ਸੰਗਮ (B) ਉੱਜਲ (C) ਸੁਮਨ (D) ਲਘੂ

22. ਹੇਠ ਲਿਖਿਆਂ ਵਿੱਚੋਂ 'ਕੌੜਾ ਘੁੱਟ ਭਰਨਾ' ਮੁਹਾਵਰੇ ਦਾ ਅਰਥ ਹੈ:

(A) ਬੇਚੈਨ ਹੋ ਜਾਣਾ (B) ਇੱਜ਼ਤ ਰੋਲਣੀ (C) ਝਗੜਾ ਕਰਨਾ (D) ਅਣਚਾਹੀ ਗੱਲ ਨੂੰ ਬੇਵੱਸੀ ਵਿਚ ਪ੍ਰਵਾਨ ਕਰਨਾ

23. ਹੇਠ ਲਿਖਿਆਂ ਵਿੱਚੋਂ 'ਖ਼ਾਨਿਓਂ ਜਾਣਾ' ਮੁਹਾਵਰੇ ਦਾ ਅਰਥ ਕਿਹੜਾ ਹੈ?

(A) ਖ਼ੁਰਾਕ ਪਚਣੀ (B) ਸੌਖਾ ਕੰਮ ਹੋਣਾ (C) ਬਦਨਾਮ ਹੋਣਾ (D) ਘਬਰਾ ਜਾਣਾ

24. ਹੇਠ ਲਿਖਿਆਂ ਵਿੱਚੋਂ ਕਿਹੜੀ ਵਾਰ ਦੀ ਰਚਨਾ ਗੁਰੂ ਨਾਨਕ ਦੇਵ ਜੀ ਨੇ ਕੀਤੀ?

(A) ਗੂਜਰੀ ਦੀ ਵਾਰ (B) ਵਡਹੰਸ ਦੀ ਵਾਰ (C) ਗਉੜੀ ਦੀ ਵਾਰ (D) ਆਸਾ ਦੀ ਵਾਰ

25. ਗੁਰੂ ਅਰਜਨ ਦੇਵ ਜੀ ਨੇ "ਸ੍ਰੀ ਗੁਰੂ ਗ੍ਰੰਥ ਸਾਹਿਬ" ਵਿਚ ਕਿੰਨੇ ਰਾਗਾਂ ਵਿਚ ਬਾਣੀ ਰਚਨਾ ਕੀਤੀ?

(A) 18 (B) 19 (C) 30 (D) 31

26. ਗੁਰੂ ਅੰਗਦ ਦੇਵ ਜੀ ਦੀ ਪਤਨੀ ਦਾ ਕੀ ਨਾਮ ਸੀ?

(A) ਬੀਬੀ ਸੁਲੱਖਣੀ (B) ਬੀਬੀ ਭਾਨੀ ਜੀ (C) ਬੀਬੀ ਖੀਵੀ (D) ਬੀਬੀ ਅਮਰੋ ਜੀ

27. "ਦਰਿਆ" ਸ਼ਬਦ ਨਾਂਵ ਦੀ ਕਿਹੜੀ ਕਿਸਮ ਨਾਲ ਸੰਬੰਧਿਤ ਹੈ?

(A) ਭਾਵਵਾਚਕ (B) ਇਕੱਠਵਾਚਕ (C) ਜਾਤੀਵਾਚਕ (D) ਵਸਤੂਵਾਚਕ

28. ਤੂੰ, ਤੁਸੀ, ਤੁਹਾਡਾ ਸ਼ਬਦ ਪੁਰਖਵਾਚਕ ਪੜਨਾਂਵ ਵਿਚਲੇ ਕਿਹੜੇ ਪੁਰਖ ਨਾਲ ਸੰਬੰਧਿਤ ਹਨ?

(A) ਪਹਿਲਾ (B) ਦੂਜਾ (C) ਤੀਜਾ (D) ਚੌਥਾ

29. ਜੋ, ਜਿਹੜਾ ਸ਼ਬਦ ਪੜਨਾਂਵ ਦੀ ਕਿਹੜੀ ਕਿਸਮ ਨਾਲ ਸੰਬੰਧਿਤ ਹਨ?

(A) ਨਿੱਜਵਾਚਕ ਪੜਨਾਂਵ (B) ਸੰਬੰਧਵਾਚਕ ਪੜਨਾਂਵ (C) ਨਿਸ਼ਚੇਵਾਚਕ ਪੜਨਾਂਵ (D) ਅਨਿਸ਼ਚੇਵਾਚਕ ਪੜਨਾਂਵ

30. ਜਿਨ੍ਹਾਂ ਸੰਬੰਧਕਾਂ ਦੇ ਰੂਪ ਵਿਚ ਤਬਦੀਲੀ ਆਉਂਦੀ ਹੈ, ਉਹਨਾਂ ਨੂੰ ਕੀ ਕਿਹਾ ਜਾਂਦਾ ਹੈ?

(A) ਵਿਕਾਰੀ ਸੰਬੰਧਕ (B) ਅਵਿਕਾਰੀ ਸੰਬੰਧਕ (C) ਕਾਰਕੀ ਸੰਬੰਧਕ (D) ਵਿਭਕਤੀ ਸੰਬੰਧ

31. ਵਿਸ਼ੇਸ਼ਣ ਦੀਆਂ ਕਿੰਨੀਆਂ ਕਿਸਮਾਂ ਹਨ?

(A) ਪੰਜ (B) ਛੇ (C) ਸੱਤ (D) ਅੱਠ

32. "ਅਧਿਆਪਕ ਜੀ ਅਖ਼ਬਾਰ ਪੜ੍ਹਦੇ ਹਨ।" ਇਸ ਵਾਕ ਵਿਚ ਕਿਰਿਆ ਦਾ ਰੂਪ ਹੈ:

(A) ਅਕਰਮ ਕਿਰਿਆ (B) ਸਕਰਮਕ ਕਿਰਿਆ (C) ਪ੍ਰੇਰਨਾਰਥਕ ਕਿਰਿਆ (D) ਸੰਜੁਗਤ ਕਿਰਿਆ

33. "ਮੈਂ ਪਿੰਡ ਕੱਲ੍ਹ ਜਾਵਾਂਗਾ।"

ਉਪਰੋਕਤ ਵਾਕ ਵਿਚ 'ਕੱਲ੍ਹ' ਕਿਰਿਆ ਵਿਸ਼ੇਸਣ ਦੀ ਕਿਹੜੀ ਕਿਸਮ ਨਾਲ ਸੰਬੰਧਤ ਹੈ?

(A) ਸਥਾਨਵਾਚਕ ਕਿਰਿਆ ਵਿਸ਼ੇਸਣ

(B) ਕਾਰਨਵਾਚਕ ਕਿਰਿਆ ਵਿਸ਼ੇਸਣ

(C) ਕਾਲਵਾਚਕ ਕਿਰਿਆ ਵਿਸ਼ੇਸਣ

(D) ਪ੍ਰਕਾਰਵਾਚਕ ਕਿਰਿਆ ਵਿਸ਼ੇਸਣ

34. ਵਿਸਮਕ ਕਿੰਨੀ ਪ੍ਰਕਾਰ ਦੇ ਹਨ?

(A) ਪੰਜ (B) ਛੇ (C) ਅੱਠ (D) ਨੌਂ

35. "ਪਰ, ਕਿ, ਜਾਂ" ਕਿਹੜੇ ਯੋਜਕ ਹਨ?

(A) ਸੰਜੁਗਤ ਯੋਜਕ (B) ਇਕਹਿਰੇ ਯੋਜਕ (C) ਟੁੱਟਵੇਂ ਯੋਜਕ (D) ਬੰਝਵੇਂ ਯੋਜਕ

36. ਛੱਡਿਆ ਗਰਾਂਅ.... ਖ਼ਾਲੀ ਸਥਾਨ ਭਰ ਕੇ ਅਖਾਣ ਪੂਰਾ ਕਰੋ:

(A) ਤੇ ਦੇਣਾ ਕੀ ਥਾਂ (B) ਤੇ ਲੈਣਾ ਕੀ ਨਾਂ (C) ਤੇ ਲੈਣੀ ਕੀ ਛਾਂ (D) ਤੇ ਦੇਣੀ ਕੀ ਗਾਂ

37. ਸਰਫ਼ਾ ਕਰ ਕੇ ਸੁੱਤੀ.... ਖ਼ਾਲੀ ਸਥਾਨ ਭਰ ਕੇ ਅਖਾਣ ਪੂਰਾ ਕਰੋ:

(A) ਦਿਨੇ ਗਵਾ ਲਈ ਜੁੱਤੀ (B) ਆਟਾ ਖਾ ਗਈ ਕੁੱਤੀ (C) ਰੋਟੀਆਂ ਖਾ ਗਈ ਕੁੱਤੀ (D) ਕੋਈ ਰੋਵੇ ਤੇ ਕੋਈ ਪਿੱਟੇ

38. ਆਪ ਬੀਬੀ.... ਖ਼ਾਲੀ ਸਥਾਨ ਭਰ ਕੇ ਅਖਾਣ ਪੂਰਾ ਕਰੋ:

(A) ਮੋਹਲਿਆਂ ਦਾ ਕੀ ਡਰ (B) ਬਾਹਰ ਸ਼ਿਰਨੀ ਵੱਡਦੀ (C) ਨੌਂ ਕੋਹ (D) ਕੋਕਾਂ ਮੱਤੀਂ ਦੇਵੇ ਲੋਕਾਂ

39. 'ਜ਼ਹਿਰੀਲਾ' ਸ਼ਬਦ ਵਿਚ ਪਿਛੇਤਰ ਹੈ:

(A) ਹਰੀਲਾ (B) ਰੀਲਾ (C) ਲਾ (D) ਈਲਾ

40. ਪੰਜਾਬੀ ਭਾਸ਼ਾ ਵਿਚ ਵਚਨ ਦੇ ਕਿੰਨੇ ਪ੍ਰਕਾਰ ਹਨ?

(A) ਚਾਰ (B) ਤਿੰਨ (C) ਦੋ (D) ਇਕ

41. 'ਤੈਨੂੰ' ਸ਼ਬਦ ਦਾ ਬਹੁਵਚਨ ਰੂਪ ਹੈ:

(A) ਤੂੰ (B) ਤੇਰਾ (C) ਤੁਹਾਡਾ (D) ਤੁਹਾਨੂੰ

42."ਚਿੜੀ ਚੀਂ-ਚੀਂ ਕਰ ਰਹੀ ਹੈ" ਉਪਰੋਕਤ ਵਾਕ ਦਾ ਬਹੁਵਚਨ ਰੂਪ ਹੈ:

(A) ਚਿੜੀਆਂ ਚੀਂ-ਚੀਂ ਕਰ ਰਹੀਆਂ ਹੈ।

(B) ਚਿੜੀਆਂ ਚੀਂ-ਚੀਂ ਕਰ ਰਹੀਆਂ ਹਨ।

(C) ਚਿੜੀ ਚੀਂ-ਚੀਂ ਕਰ ਰਹੀਆਂ ਹਨ।

(D) ਚਿੜੀਆਂ ਚੀਆਂ-ਚੀਆਂ ਕਰ ਰਹੀਆਂ ਹਨ।

43. 'ਪਤਿਅਹੁਰਾ' ਸ਼ਬਦ ਦਾ ਇਸਤਰੀ ਲਿੰਗ ਹੈ:

(A) ਪਤਿਅਹੁਰੀ (B) ਪਤੀਹਸ (C) ਪਤਿਅਹੋਰੀ (D) ਪਤੀਹਸਣ

44. 'ਵਲੈਤੀਆ' ਸ਼ਬਦ ਇਸਤਰੀ ਲਿੰਗ ਹੈ:

(A) ਵਲੈਤੀ (B) ਵਲੈਤਣ (C) ਵਲੈਤਣੀ (D) ਉਪਰੋਕਤ ਵਿੱਚੋਂ ਕੋਈ ਨਹੀਂ

45. "ਮਾਲਕ ਨੇ ਨੌਕਰ ਨੂੰ ਨੌਕਰੀ ਤੋਂ ਕੱਢ ਦਿੱਤਾ"

ਉਪਰੋਕਤ ਵਾਕ ਦਾ ਇਸਤਰੀ ਲਿੰਗ ਰੂਪ ਹੈ:

(A) ਮਾਲਕਣ ਨੇ ਨੌਕਰਾਣੀ ਨੂੰ ਨੌਕਰ ਤੋਂ ਕੱਢ ਦਿੱਤਾ।

(B) ਮਾਲਕ ਨੇ ਨੌਕਰਾਣੀ ਨੂੰ ਨੌਕਰੀ ਤੋਂ ਕੱਢ ਦਿੱਤਾ।

(C) ਮਾਲਕਣ ਨੇ ਨੌਕਰਾਣੀ ਨੂੰ ਨੌਕਰੀ ਤੋਂ ਕੱਢ ਦਿੱਤਾ।

(D) ਮਾਲਕਣ ਨੇ ਨੌਕਰੀ ਨੂੰ ਨੌਕਰ ਤੋਂ ਕੱਢ ਦਿੱਤਾ।

46. ਹੇਠ ਲਿਖਿਆਂ ਵਿੱਚੋਂ ਕਿਹੜੇ ਸ਼ਬਦ ਨਾਲ ਛੁੱਟ ਮਰੋੜੀ ਵਿਸਰਾਮ ਚਿੰਨ੍ਹ ਲੱਗਾ ਹੈ?

(A) ਲੱਡੂ, ਜਲੇਬੀ (B) ਪੜ੍ਹਾਈ-ਲਿਖਾਈ (C) 'ਚ (D) ਐੱਮ.ਪੀ

47. "ਦੋ-ਦੋ ਦੀਆਂ ਲਾਈਨਾਂ ਵਿੱਚ ਚੱਲੋ।"

ਉਪਰੋਕਤ ਵਾਕ ਵਿਚ "ਦੋ-ਦੋ" ਸ਼ਬਦ ਵਿਚ ਹੇਠ ਲਿਖਿਆਂ ਵਿੱਚੋਂ ਕਿਹੜੇ ਵਿਸਰਾਮ ਚਿੰਨ੍ਹ ਦੀ ਵਰਤੋਂ ਹੋਈ ਹੈ?

(A) ਜੋੜਨੀ (B) ਵਿਰਾਮ ਕਾਮਾ (C) ਦੁਬਿੰਦੀ ਡੈਸ਼ (D) ਦੁਬਿੰਦੀ

48. 'ਵਿਕਾਰ' ਸ਼ਬਦ ਵਿਚ ਅਗੇਤਰ ਹੈ:

(A) ਵਿ (B) ਵਿਕ (C) ਵਿਕਾ (D) ਵਿਇਕ

49. 'ਕੁਸੰਗ' ਸ਼ਬਦ ਵਿਚ ਅਗੇਤਰ ਹੈ:

(A) ਕੁਸ (B) ਕੁਸੰ (C) ਕੁ (D) ਸੰਗ

50. 'ਸ਼ਰਮਾਕਲ਼' ਸ਼ਬਦ ਵਿਚ ਪਿਛੇਤਰ ਹੈ:

(A) ਕਲ਼ (B) ਮਾਕਲ਼ (C) ਸ਼ਰਮਾ (D) ਆਕਲ਼